**ਮਾਡਲ ਟੈਸਟ ਪੇਪਰ**

**ਸ਼੍ਰੇਣੀ - ਦੱਸਵੀਂ**

**ਵਿਸ਼ਾ - ਸੰਗੀਤ ( ਵਾਦਨ )**

**ਸੈਸ਼ਨ - 2025-26**

**ਸਮਾਂ - 3 ਘੰਟੇ** **ਕੁੱਲ ਅੰਕ - 45**

**ਭਾਗ - ੳ**

**1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ ਹਨ । ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ । (11×1=11)**

1. ਸਾਡੇ ਸੰਗੀਤ ਵਿੱਚ ਚਲ ਸਵਰਾਂ ਦੀ ਗਿਣਤੀ ਕਿੰਨੀ ਹੈ ?
2. ਕਿਹੜੇ ਥਾਟ ਵਿੱਚ ਸਾਰੇ ਸਵਰ ਸ਼ੁੱਧ ਲੱਗਦੇ ਹਨ ?
3. ਸਿਤਾਰ ਦਾ ਅਵਿਸ਼ਕਾਰ ਕਿਸ ਨੇ ਕੀਤਾ ?
4. ਕੋਮਲ ਸਵਰਾਂ ਲਈ ਕਿਹੜੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ?
5. ਰਜ਼ਾਖਾਨੀ ਗਤ ਦਾ ਆਵਿਸ਼ਕਾਰਕ ਕਿਸ ਨੂੰ ਮੰਨਿਆ ਜਾਂਦਾ ਹੈ ?
6. ਥਾਟ ਵਿੱਚ ਕਿੰਨੇ ਸਵਰਾਂ ਦਾ ਹੋਣਾ ਜਰੂਰੀ ਹੈ ?
7. ਰਾਗ ਭੈਰਵ ਦਾ ਥਾਟ ਦੱਸੋ ।
8. ਰਾਗ ਭੁਪਾਲੀ ਦੀ ਜਾਤੀ ਦੱਸੋ ।
9. ਚਾਰਤਾਲ ਦੇ ਕਿੰਨੇ ਵਿਭਾਗ ਹੁੰਦੇ ਹਨ ?
10. ਰੂਪਕ ਤਾਲ ਕਿੰਨੇ ਮਾਤਰਾ ਦੀ ਤਾਲ ਹੈ ?
11. ਰਾਗ ਖਮਾਜ਼ ਦਾ ਵਾਦੀ ਸਵਰ ਦੱਸੋ ।

**ਭਾਗ - ਅ**

**12 ਤੋਂ 17 ਤੱਕ ਸੰਖੇਪਾਤਮਕ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ ਲਾਜ਼ਮੀ ਹਨ । (6×2=12)**

12. ਵਾਦਕ ਦੇ ਕੋਈ ਦੋ ਗੁਣ ਦੱਸੋ ।
13. ਖਮਾਜ ਥਾਟ ਵਿੱਚ ਕਿਹੜੇ ਸਵਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ।
14. ਪੰਜਾਬ ਦੇ ਲੋਕ ਸਾਜਾਂ ਦੇ ਨਾਮ ਲਿਖੋ ।
15. ਭੈਰਵ ਰਾਗ ਦਾ ਆਰੋਹ - ਅਵਰੋਹ ਲਿਖੋ ।
16. ਰਾਗ ਭੁਪਾਲੀ ਵਿੱਚ ਕਿਹੜੇ - ਕਿਹੜੇ ਸਵਰ ਕੋਮਲ ਲੱਗਦੇ ਹਨ ?
17. ਏਕਤਾਲ ਵਿੱਚ ਕੁੱਲ ਕਿੰਨੀਆਂ ਤਾਲੀਆਂ ਹੁੰਦੀਆਂ ਹਨ ?

**ਭਾਗ - ੲ**

**18 ਤੋਂ 22 ਤੱਕ ਸੰਖੇਪਾਤਮਕ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ । (4×3=12)**

18. ਰਾਗ ਦੇ ਕੋਈ ਤਿੰਨ ਨਿਯਮ ਲਿਖੋ ।
19. ਅਚਲ ਸਵਰ ਨੂੰ ਪਰਿਭਾਸ਼ਿਤ ਕਰੋ ।
20. ਪੰਜਾਬ ਦੇ ਸਾਜ ਢੋਲ ਉੱਪਰ ਨੋਟ ਲਿਖੋ।
21. ਰੂਪਕ ਤਾਲ ਦੀ ਜਾਣ ਪਛਾਣ ਲਿਖੋ ।
22. ਖਮਾਜ ਰਾਗ ਦੀ ਜਾਣ ਪਛਾਣ ਲਿਖੋ ।

**ਭਾਗ - ਸ**

**23 ਅਤੇ 24 ਨਿਬੰਧਾਤਮਕ ਪ੍ਰਸ਼ਨਾਂ ਵਿੱਚੋਂ ਇੱਕ - ਇੱਕ ਪ੍ਰਸ਼ਨ ਦਾ ਉੱਤਰ ਦਿਓ । (2×5=10)**

23. ਪੰਡਿਤ ਨਿਖਲ ਬੈਨਰਜੀ ਜੀ ਦੀ ਜੀਵਨੀ ਲਿਖੋ ।

    ਜਾਂ

    ਸਿਤਾਰ ਦਾ ਅੰਗ ਵਰਨਣ ਕਰੋ ।

24. ਚਾਰ ਤਾਲ ਨੂੰ ਇਕ ਗੁਣ ਅਤੇ ਦੁਗਣ ਲੈਅਕਾਰੀਆਂ ਵਿੱਚ ਲਿਖੋ ।

    ਜਾਂ

    ਰਾਗ ਭੈਰਵ ਦੀ ਦਰੁਤ/ਰਜ਼ਾਖਾਨੀ ਗਤ ਦੀ ਸੁਰ ਲਿਪੀ ਲਿਖੋ ।